# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਦਫ਼ਤਰ ਡੀਨ, ਕਾਲਜ ਵਿਕਾਸ ਕੌਂਸਲ**

ਨੰ. 162 ਡੀ.ਕਾ
ਮਿਤੀ 10/9/25

## ਨੋਟਿਸ

**ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ**
**ਦੇ ਚੇਅਰਮੈਨ/ਪ੍ਰਿੰਸੀਪਲ/ਸਾਹਿਬਾਨਾਂ ਨੂੰ**

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜ ਵਿਖੇ ਅਕਾਦਮਿਕ ਸੈਸ਼ਨ 2025-26 ਦੌਰਾਨ ਸਮੈਸਟਰ ਪਹਿਲਾ ਵਿਚ ਨਵੇਂ ਦਾਖਲ ਹੋਏ ਸਮੂਹ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਦਾ ਪੰਜਾਬ ਸਰਕਾਰ ਦੇ ਆਨਲਾਈਨ ਦਾਖਲਾ ਪੋਰਟਲ ***https://admission.punjab.gov.in*** ਤੇ ਰਜਿਸਟਰੇਸ਼ਨ ਕਰਨਾ ਯਕੀਨੀ ਬਣਾਇਆ ਜਾਵੇ। ਯੂਨੀਵਰਸਿਟੀ ਵੱਲੋਂ ਪੰਜਾਬ ਸਰਕਾਰ ਦੇ ਪੋਰਟਲ ਤੇ ਰਜਿਸਟਰਡ ਵਿਦਿਆਰਥੀਆਂ ਦੇ ਡਾਟੇ ਅਨੁਸਾਰ ਹੀ ਪ੍ਰੀਖਿਆਵਾਂ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਕਿਸੇ ਵੀ ਕਾਲਜ ਵੱਲੋਂ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਨਾ ਕੀਤੇ ਜਾਣ ਦੀ ਸੂਰਤ ਵਿਚ ਬਾਅਦ ਵਿਚ ਪ੍ਰੀਖਿਆਵਾਂ ਸਮੇਂ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸਦੀ ਨਿਰੋਲ ਜਿੰਮੇਵਾਰੀ ਸਬੰਧਿਤ ਕਾਲਜ ਦੀ ਹੋਵੇਗੀ। ਇਸ ਲਈ ਇਸ ਸਬੰਧ ਵਿਚ ਹੇਠ ਦਰਸਾਏ ਅਨੁਸਾਰ ਕਾਰਵਾਈ ਪੂਰੀ ਕਰਨਾ ਯਕੀਨੀ ਬਣਾਇਆ ਜਾਵੇ:

1. ਕਾਲਜਾਂ ਵੱਲੋਂ ਅਕਾਦਮਿਕ ਸੈਸ਼ਨ 2025-26 ਦੌਰਾਨ ਸਮੈਸਟਰ ਪਹਿਲਾ ਵਿਚ ਦਾਖਲ ਹੋਏ ਸਮੂਹ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਪੰਜਾਬ ਸਰਕਾਰ ਦੇ ਆਨਲਾਈ ਦਾਖਲਾ ਪੋਰਟਲ ਤੇ ਕੀਤੀ ਜਾਵੇ।
2. ਜਿਨ੍ਹਾਂ ਕਾਲਜਾਂ ਵੱਲੋਂ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਆਨਲਾਈਨ ਪੋਰਟਲ ਤੇ ਕੀਤੀ ਹੋਈ ਹੈ ਅਤੇ ਵਿਦਿਆਰਥੀ ਵੱਲੋਂ ਦਾਖਲਾ ਵੀ ਲੈ ਲਿਆ ਗਿਆ ਹੈ, ਉਸ ਸਬੰਧੀ ਦਾਖਲਾ ਪੋਰਟਲ ਤੇ ***Seat Offer Status*** ਅਪਡੇਟ ਕਰਕੇ ***Yes*** ਕੀਤਾ ਜਾਵੇ ਤਾਂ ਜੋ ਕਾਲਜ ਵਿਚ ਦਾਖਲ ਵਿਦਿਆਰਥੀਆਂ ਬਾਰੇ ਯੂਨੀਵਰਸਿਟੀ ਨੂੰ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ।

10/09/2025

**ਡੀਨ, ਕਾਲਜ ਵਿਕਾਸ ਕੌਂਸਲ**

ਉਤਾਰਾ:
1. ਕੰਟਰੋਲਰ - ਪ੍ਰੀਖਿਆਵਾਂ
2. ਡਾਇਰੈਕਟਰ- ਯੋਜਨਾ ਅਤੇ ਨਿਰੀਖਣ
3. ਡਿਪਟੀ ਰਜਿਸਟਰਾਰ - ਕਾਲਜਿਜ਼